## “ਜੇ ਮੈਨੂੰ ਪੈਨਲਟੀ ਨੋਟਿਸ ਮਿਲਦਾ ਹੈ ਅਤੇ ਮੈਂ ਭੁਗਤਾਨ ਨਹੀਂ ਕਰਦਾ/ਕਰਦੀ ਹਾਂ ਤਾਂ ਕੀ ਹੁੰਦਾ ਹੈ?”

ਪੈਨਲਟੀ ਨੋਟਿਸ ਦਾ ਪੂਰਾ ਭੁਗਤਾਨ ਕਰਨ ਲਈ ਤੁਹਾਡੇ ਕੋਲ ਇਸਦੇ ਪ੍ਰਾਪਤ ਹੋਣ ਤੋਂ ਲੈ ਕੇ 42 ਦਿਨ ਹੁੰਦੇ ਹਨ। ਜੇ ਇਸ ਸਮੇਂ ਦੇ ਅੰਦਰ ਪੂਰਾ ਭੁਗਤਾਨ ਪ੍ਰਾਪਤ ਨਹੀਂ ਹੁੰਦਾ ਹੈ ਤਾਂ ਅਧਿਨਿਯਮ ਦੇ ਅਧੀਨ ਸਥਾਨਕ ਅਥਾਰਿਟੀ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਤੁਹਾਡੇ ਬੱਚੇ ਦੁਆਰਾ ਅਣਅਧਿਕਾਰਕ ਗੈਰਹਾਜ਼ਰੀ ਦੇ ਮੂਲ ਅਪਰਾਧ ਲਈ ਮੈਜਿਸਟ੍ਰੇਟ ਕੋਰਟ ਵਿੱਚ ਕਾਨੂੰਨੀ ਕਾਰਵਾਈ ਸ਼ੁਰੂ ਕਰੇ।

ਜੇ ਅਪਰਾਧ ਸਿੱਧ ਹੋ ਜਾਂਦਾ ਹੈ ਤਾਂ ਇਸਦੇ ਨਤੀਜੇ ਵਜੋਂ £1,000 ਤਕ ਦੇ ਜੁਰਮਾਨੇ ਅਤੇ/ਜਾਂ ਕਈ ਤਰ੍ਹਾਂ ਦੇ ਨਿਪਟਾਰੇ ਲਗਾਏ ਜਾ ਸਕਦੇ ਹਨ ਜਿਵੇਂ ਕਿ ਪੇਰੈਂਟਿੰਗ ਆਰਡਰ ਜਾਂ ਕਮਿਉਨਿਟੀ ਸਜ਼ਾਵਾਂ। ਦੋਸ਼ੀ ਪਾਏ ਜਾਣ 'ਤੇ ਮਾਤਾ/ਪਿਤਾ ਦਾ ਅਪਰਾਧਿਕ ਰਿਕਾਰਡ ਬਣ ਜਾਵੇਗਾ।

## “ਜੇ ਮੈਂ ਪੈਨਲਟੀ ਨੋਟਿਸ ਦਾ ਭੁਗਤਾਨ ਕਰ ਦਿੰਦਾ/ਦਿੰਦੀ ਹਾਂ ਪਰ ਮੇਰਾ ਬੱਚਾ ਫੇਰ ਵੀ ਸਕੂਲ ਵਿੱਚ ਹਾਜ਼ਰ ਨਾ ਹੋ ਰਿਹਾ ਹੋਵੇ ਤਾਂ ਕੀ ਮੇਰੇ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ?”

ਪੈਨਲਟੀ ਨੋਟਿਸ ਵਿੱਚ ਸ਼ਾਮਲ ਕੀਤੀ ਗਈ ਸਮਾਂ ਮਿਆਦ ਲਈ ਨਹੀਂ, ਇਸ ਸੰਬੰਧ ਵਿੱਚ ਭੁਗਤਾਨ ਤੁਹਾਡੀ ਜ਼ਿੰਮੇਵਾਰੀ ਪੂਰੀ ਕਰ ਦਿੰਦਾ ਹੈ। ਪਰ, ਹਾਲਾਤ 'ਤੇ ਨਿਰਭਰ ਕਰਦੇ ਹੋਏ ਅਜਿਹੀ ਸਥਿਤੀ ਪੈਦਾ ਹੋ ਸਕਦੀ ਹੈ ਕਿ ਪੈਨਲਟੀ ਨੋਟਿਸ ਵਿੱਚ ਸ਼ਾਮਲ ਨਹੀਂ ਕੀਤੀ ਗਈ ਅਣਅਧਿਕਾਰਕ ਗੈਰਹਾਜ਼ਰੀ ਦੀਆਂ ਵਧੇਰੇ ਅਵਧੀਆਂ ਲਈ ਮੁਕੱਦਮੇ 'ਤੇ ਵਿਚਾਰ ਕੀਤਾ ਜਾਵੇ। ਜੇ ਅਜਿਹਾ ਹੁੰਦਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਅਤੇ ਸਹਾਇਤਾ ਏਜੰਸੀਆਂ, ਜਿਵੇਂ ਕਿ ਐਜੂਕੇਸ਼ਨ ਵੈਲਫ਼ੇਅਰ, ਦੇ ਨਾਲ ਮਿਲ ਕੇ ਕੰਮ ਕਰੋ।

## “ਜੇ ਮੇਰੇ ਬੱਚਾ ਨਿਯਮਿਤ ਰੂਪ ਵਿੱਚ ਸਕੂਲ ਨਹੀਂ ਜਾ ਰਿਹਾ ਹੈ ਤਾਂ ਕੀ ਮੈਨੂੰ ਮਦਦ ਮਿਲ ਸਕਦੀ ਹੈ?”

ਹਾਂ, ਜੇ ਤੁਹਾਨੂੰ ਆਪਣੇ ਬੱਚੇ ਦੀ ਹਾਜ਼ਰੀ ਦੇ ਸੰਬੰਧ ਵਿੱਚ ਮਦਦ ਦੀ ਲੋੜ ਹੋਵੇ ਤਾਂ ਤੁਹਾਡੇ ਬੱਚੇ ਦਾ ਸਕੂਲ ਅਤੇ ਐਜੂਕੇਸ਼ਨ ਵੈਲਫ਼ੇਅਰ ਸਰਵਿਸ ਤੁਹਾਨੂੰ ਸਲਾਹ ਅਤੇ ਸਹਾਇਤਾ ਦੇਣਗੇ। ਜੇ ਤੁਹਾਨੂੰ ਆਪਣੇ ਬੱਚੇ ਦੀ ਹਾਜ਼ਰੀ ਸੁਰੱਖਿਅਤ ਕਰਨ ਬਾਰੇ ਕੋਈ ਵੀ ਚਿੰਤਾਵਾਂ ਹੋਣ, ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਮੌਕਾ ਮਿਲਦੇ ਹੀ ਸਕੂਲ ਨਾਲ ਜਾਂ ਐਜੂਕੇਸ਼ਨ ਵੈਲਫ਼ੇਅਰ ਸਰਵਿਸ ਨਾਲ ਗੱਲ ਕਰੋ।

**ALBANIAN**

Nëse anglishtja nuk është gjuha juaj amtare dhe keni nevojë për një përkthim, ne mund t'ua sigurojmë atë.

**BENGALI**

ইংরেজী আপনার মাতৃভাষা না হলে এবং আপনার কোন অনুবাদের প্রয়োজন হলে আমরা তা প্রদান করতে সক্ষম।

**CHINESE**

如果英文不是您的第一語言，而您需要翻譯的話，我們可以爲您安排。

**GUJARATI**

જો તમારી પહેલી ભાષા અંગ્રેજી ન હોય અને તમને ભાષાંતરની જરૂર હોય તો અમે તમને તે આપી શકીએ છીએ.

**HINDI**

यदि अँग्रेज़ी आप की पहली भाषा नही है और आप को अनुवाद की आवश्यकता है तो यह हम आपको प्रदान कर सकते हैं

**KURDISH**

Heke îngilîzî zimanê we yê yekem nîne û pêwîstîya we bi wergêr heye, em dikarin yekî ji we re bibînin

**POLISH**

Jeżeli język angielski nie jest Twoim językiem ojczystym i wymagasz tłumaczenia, możemy to zapewnić.

**PORTUGUESE**

Se o Inglês não é a sua língua materna e precisa de uma tradução, nós podemos obtê-la.

**PUNJABI**

ਜੇਕਰ ਇੰਗਲਿਸ਼ ਤੁਹਾਡੀ ਪਹਿਲੀ ਭਾਸ਼ਾ ਨਹੀਂ ਅਤੇ ਤੁਹਾਨੂੰ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਤੁਹਾਡੇ ਲਈ ਅਸੀਂ ਇਸਦਾ ਪ੍ਰਬੰਧ ਕਰ ਸਕਦੇ ਹਾਂ ।

**SOMALI**

Haddii Ingiriisku aanu ahayn afkaaga kowaad oo aad u baahan tahay turjumaad, annagaa kuu samayn karra.

**URDU**

اگر انگریزی آپ کی پہلی زبان نہیں ہے اور آپ کو ترجمہ کی ضرورت ہے تو ہم آپ کے لئے فراہم کر سکتے ہیں۔

**VIETNAMESE**

Nếu quí vị không thạo Anh văn và cần bản dịch, chúng tôi sẽ giúp quí vị một bản.


**ਐਜੂਕੇਸ਼ਨ ਵੈਲਫ਼ੇਅਰ ਸਰਵਿਸ**

ਉੱਤਰੀ ਟੀਮ
ਫ਼ੋਨ: 0117 3533686
ਫ਼ੈਕਸ: 0117 3533688

ਦੱਖਣੀ ਟੀਮ
ਫ਼ੋਨ: 0117 9031660
ਫ਼ੈਕਸ: 0117 9031684



ਬ੍ਰਿਸਟਲ ਸਿਟੀ ਕਾਉਂਸਿਲ
ਐਜੂਕੇਸ਼ਨ ਵੈਲਫ਼ੇਅਰ ਸਰਵਿਸ


# ਸਕੂਲ ਵਿੱਚ ਹਾਜ਼ਰੀ: ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਕੀ ਜਾਣਨ ਦੀ ਲੋੜ ਹੈ

## ਸਕੂਲ ਵਿੱਚ ਹਾਜ਼ਰੀ ਹਰ ਦਿਨ ਮਹੱਤਵਪੂਰਨ ਹੁੰਦਾ ਹੈ

## ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਵਿੱਚ ਆਪਣੇ ਬੱਚੇ ਦੀ ਸਹਾਇਤਾ ਕਰੋ

## “ਹਰ ਰੋਜ਼ ਹਾਜ਼ਰ ਕਿਉਂ ਰਹਿਣਾ ਚਾਹੀਦਾ ਹੈ?”

ਸਕੂਲ ਵਿੱਚ ਚੰਗੀ ਹਾਜ਼ਰੀ ਤੁਹਾਡੇ ਬੱਚੇ ਨੂੰ ਸਫਲਤਾ ਦੇ ਮੌਕੇ ਦਿੰਦੀ ਹੈ ਅਤੇ ਜੀਵਨ ਲਈ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦੀ ਹੈ। ਜਦੋਂ ਤਕ ਕਿ ਬਿਮਾਰੀ ਵਰਗਾ ਕੋਈ ਨਾ-ਟਾਲਣਯੋਗ ਕਾਰਨ ਨਾ ਹੋਵੇ, ਤੁਹਾਡੇ ਬੱਚੇ ਨੂੰ ਹਰ ਰੋਜ਼ ਸਕੂਲ ਜਾਣਾ ਚਾਹੀਦਾ ਹੈ।

ਸਕੂਲ ਨਾ ਜਾਣ ਨਾਲ ਵਿਦਿਆਰਥੀ ਦੀ ਸਿੱਖਿਆ ਅਤੇ ਉਹਨਾਂ ਦੇ ਗ੍ਰੇਡਾਂ ਨੂੰ ਨੁਕਸਾਨ ਪਹੁੰਚਦਾ ਹੈ (ਰਿਸਰਚ ਤੋਂ ਪਤਾ ਚਲਦਾ ਹੈ ਕਿ 17 ਦਿਨ ਸਕੂਲ ਨਾ ਜਾਣ ਨਾਲ ਆਮ ਤੌਰ 'ਤੇ GCSE ਗ੍ਰੇਡ ਹੇਠਾਂ ਡਿਗ ਜਾਂਦਾ ਹੈ), ਰੁਟੀਨ ਗੜਬੜਾ ਜਾਂਦਾ ਹੈ ਅਤੇ ਵਿਦਿਆਰਥੀ ਦੀ ਅਪਰਾਧ ਦੇ ਵੱਲ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ।

ਵਿਦਿਆਰਥੀਆਂ ਨੂੰ ਖ਼ਰੀਦਾਰੀ, ਜਨਮਦਿਨ ਜਾਂ ਕਿਸੇ ਮੁਰੰਮਤ ਕਰਨ ਵਾਲੇ ਦੀ ਉਡੀਕ ਕਰਨ ਵਰਗੇ ਕਾਰਨਾਂ ਲਈ ਕਦੇ ਵੀ ਸਕੂਲ ਤੋਂ ਗੈਰਹਾਜ਼ਰ ਨਹੀਂ ਹੋਣਾ ਚਾਹੀਦਾ।

**ਸਕੂਲ ਤੋਂ ਗੈਰਹਾਜ਼ਰ ਹੋਣ ਨਾਲ ਜੀਵਨ ਦੇ ਮੌਕਿਆਂ 'ਤੇ ਗੰਭੀਰ ਰੂਪ ਵਿੱਚ ਪ੍ਰਭਾਵ ਪੈਂਦਾ ਹੈ।**

## “ਪੈਨਲਟੀ ਨੋਟਿਸ ਕਿਉਂ ਜਾਰੀ ਕੀਤੇ ਜਾਂਦੇ ਹਨ?”

ਜੇ ਬੱਚਾ ਨਿਯਮਿਤ ਰੂਪ ਵਿੱਚ ਸਕੂਲ ਨਹੀਂ ਜਾਂਦਾ ਹੈ ਅਤੇ ਉਸਦੀ ਗੈਰਹਾਜ਼ਰੀ 'ਤੇ ਸਕੂਲ ਦੁਆਰਾ ਸਹਿਮਤੀ ਨਹੀਂ ਦਿੱਤੀ ਜਾਂਦੀ ਹੈ (ਅਣਅਧਿਕਾਰਕ) ਤਾਂ ਮਾਤਾ-ਪਿਤਾ/ਦੇਖਭਾਲ ਕਰਨ ਵਾਲੇ ਅਪਰਾਧ ਕਰਦੇ ਹਨ। ਕੁਝ ਮਾਮਲਿਆਂ ਵਿੱਚ ਅਣਅਧਿਕਾਰਕ ਗੈਰਹਾਜ਼ਰੀ ਦੇ ਨਤੀਜੇ ਵਜੋਂ ਐਜੂਕੇਸ਼ਨ ਐਕਟ (ਸਿੱਖਿਆ ਅਧਿਨਿਯਮ) 1996 ਦੀ ਧਾਰਾ 444 ਦੇ ਅਧੀਨ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਐਂਟੀ ਸੋਸ਼ਲ ਬਿਹੇਵਿਅਰ ਐਕਟ (ਸਮਾਜ-ਵਿਰੋਧੀ ਵਿਹਾਰ ਅਧਿਨਿਯਮ) 2003 ਦੁਆਰਾ ਪੈਨਲਟੀ ਨੋਟਿਸਾਂ ਨੂੰ ਮੁਕੱਦਮੇ ਦੇ ਵਿਕਲਪ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ ਸੀ। ਪੈਨਲਟੀ ਨੋਟਿਸ ਵਿੱਚ ਅਦਾਲਤ ਵਿੱਚ ਪੇਸ਼ ਹੋਣ ਦੀ ਲੋੜ ਨਹੀਂ ਹੁੰਦੀ, ਪਰ ਫੇਰ ਵੀ ਇਸਦਾ ਟੀਚਾ ਹੁੰਦਾ ਹੈ ਹਾਜ਼ਰੀ ਵਿੱਚ ਸੁਧਾਰ ਲਿਆਉਣਾ।

## “ਪੈਨਲਟੀ ਨੋਟਿਸ ਕਿੰਨੇ ਦਾ ਹੁੰਦਾ ਹੈ?”

ਜੇ 28 ਦਿਨਾਂ ਦੇ ਅੰਦਰ ਭੁਗਤਾਨ ਕਰ ਦਿੱਤਾ ਜਾਂਦਾ ਹੈ ਤਾਂ £50. ਜੇ ਇਸਦੇ ਬਾਅਦ ਪਰ 42 ਦਿਨਾਂ ਦੇ ਅੰਦਰ ਭੁਗਤਾਨ ਕਰ ਦਿੱਤਾ ਜਾਂਦਾ ਹੈ ਤਾਂ £100.

## “ਇਹਨਾਂ ਨੂੰ ਕਦੋਂ ਵਰਤਿਆ ਜਾਵੇਗਾ?”

ਜੇ ਸਕੂਲ ਦੁਆਰਾ ਤੁਹਾਡੇ ਬੱਚੇ ਦੇ ਸਕੂਲ ਤੋਂ ਗੈਰਹਾਜ਼ਰ ਰਹਿਣ ਲਈ ਪਹਿਲਾਂ ਤੋਂ ਸਹਿਮਤੀ ਦੇ ਦਿੱਤੀ ਜਾਂਦੀ ਹੈ ਜਾਂ ਤੁਹਾਡੇ ਸਪਸ਼ਟੀਕਰਨ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਉਹਨਾਂ ਦੀ ਗੈਰਹਾਜ਼ਰੀ 'ਅਧਿਕਾਰਕ' ਹੈ। ਬਾਕੀ ਸਾਰੀਆਂ ਗੈਰਹਾਜ਼ਰੀਆਂ 'ਅਣਅਧਿਕਾਰਕ' ਹੁੰਦੀਆਂ ਹਨ।

**ਪੈਨਲਟੀ ਨੋਟਿਸਾਂ ਦੀ ਵਰਤੋਂ ਤਦ ਕੀਤੀ ਜਾ ਸਕਦੀ ਹੈ ਜਦੋਂ ਗੈਰਹਾਜ਼ਰੀ ਅਣਅਧਿਕਾਰਕ ਹੋਵੇ, ਜਿਵੇਂ ਕਿ ਜਦੋਂ:**

- ਕੋਈ ਮਾਤਾ/ਪਿਤਾ ਟਰਮ ਦੇ ਦੌਰਾਨ ਬਿਨਾਂ ਆਗਿਆ ਦੇ ਆਪਣੇ ਬੱਚੇ ਨੂੰ ਛੁੱਟੀ 'ਤੇ ਲੈ ਕੇ ਚਲਾ ਗਿਆ ਹੋਵੇ, ਖ਼ਾਸ ਤੌਰ 'ਤੇ ਜਦੋਂ ਇਸਦੇ ਨਤੀਜੇ ਵਜੋਂ ਵਿਦਿਆਰਥੀ ਇਮਤਿਹਾਨ, ਮਤਲਬ ਕਿ SATs ਅਤੇ GCSEs ਨਾ ਦੇ ਸਕਣ।
- ਸਕੂਲ ਤੋਂ ਭੱਜਣ ਦੇ ਬਾਅਦ ਸਕੂਲ ਵਿੱਚ ਕੀਤੀ ਗਈ ਜਾਂਚ ਤੋਂ ਪਤਾ ਚਲਦਾ ਹੈ ਕਿ ਉਸ ਸਮੇਂ ਵਿਦਿਆਰਥੀ ਦੀ ਗੈਰਹਾਜ਼ਰੀ 'ਅਣਅਧਿਕਾਰਕ' ਸੀ।
- ਵਿਦਿਆਰਥੀ ਰਜਿਸਟਰ ਬੰਦ ਹੋ ਜਾਣ ਦੇ ਬਾਅਦ ਨਿਯਮਿਤ ਰੂਪ ਵਿੱਚ ਦੇਰ ਨਾਲ ਸਕੂਲ ਆਉਂਦੇ ਹਨ।
- ਪਿਛਲੀ 10 ਹਫ਼ਤੇ ਦੀ ਮਿਆਦ ਦੇ ਅੰਦਰ ਵਿਦਿਆਰਥੀ ਦੀਆਂ 8 ਜਾਂ ਇਸ ਤੋਂ ਜ਼ਿਆਦਾ ਅਣਅਧਿਕਾਰਕ ਗੈਰਹਾਜ਼ਰੀਆਂ ਹਨ।

## “ਜੇ ਮੇਰਾ ਬੱਚਾ ਸਕੂਲ ਤੋਂ ਭੱਜਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?”

**ਜੇ ਤੁਹਾਡਾ ਬੱਚਾ ਸਕੂਲ ਤੋਂ ਭੱਜਦਾ ਹੈ ਤਾਂ ਤੁਸੀਂ ਹੇਠਾਂ ਲਿਖੇ ਕੰਮ ਕਰ ਸਕਦੇ ਹੋ:**

- ਇਸਦਾ ਕਾਰਨ ਪਤਾ ਕਰਨ ਲਈ ਉਹਨਾਂ ਨਾਲ ਗੱਲ ਕਰੋ।
- ਸਥਿਤੀ 'ਤੇ ਵਿਚਾਰ ਕਰਨ ਲਈ ਅਤੇ ਹੱਲ ਲੱਭਣ ਲਈ ਸਕੂਲ ਸਟਾਫ਼ ਦੇ ਕਿਸੇ ਮੈਂਬਰ ਨੂੰ ਮਿਲੋ।
- ਸਲਾਹ ਅਤੇ ਨਿਰਦੇਸ਼ਨ ਲਈ ਐਜੂਕੇਸ਼ਨ ਵੈਲਫ਼ੇਅਰ ਸਰਵਿਸ ਨੂੰ ਮਿਲੋ (ਸੰਪਰਕ ਕਰਨ ਲਈ ਨੰਬਰ ਪਿਛਲੇ ਪਾਸੇ ਹਨ)।
- ਆਪਣੇ ਬੱਚੇ ਲਈ ਸਮਝਣ ਦੀ ਕੋਸ਼ਿਸ਼ ਕਰੋ ਕਿ ਕੀ ਹੋ ਰਿਹਾ ਹੈ ਅਤੇ ਸਮੱਸਿਆ ਨੂੰ ਹੱਲ ਕਰਨ ਵਿੱਚ ਉਹਨਾਂ ਦੀ ਮਦਦ ਕਰੋ।

ਸਿੱਖਿਆ ਉਹਨਾਂ ਦੀ ਭਵਿੱਖ ਦੀ ਸਫਲਤਾ ਦੀ ਕੁੰਜੀ ਹੈ ਇਸ ਲਈ ਇਹ ਮਹੱਤਵਪੂਰਨ ਹੈ ਕਿ ਜਿੰਨੀ ਜਲਦੀ ਹੋ ਸਕੇ, ਮੁੱਦਿਆਂ ਦਾ ਹੱਲ ਕੱਢਿਆ ਜਾ ਸਕੇ।

## “ਮੈਨੂੰ ਇਹ ਦੁਵਰਕੀ ਕਿਉਂ ਭੇਜੀ ਜਾ ਰਹੀ ਹੈ?”

ਇਹ ਦੁਵਰਕੀ ਹਰ ਇੱਕ ਮਾਤਾ/ਪਿਤਾ/ਦੇਖਭਾਲ ਕਰਨ ਵਾਲੇ ਨੂੰ ਭੇਜੀ ਜਾ ਰਹੀ ਹੈ ਤਾਂ ਜੋ ਹਰ ਇੱਕ ਵਿਅਕਤੀ ਨੂੰ ਇਸ ਬਾਰੇ ਜਾਣਕਾਰੀ ਹੋਵੇ ਕਿ ਉਹਨਾਂ ਦੇ ਬੱਚੇ ਵਾਸਤੇ ਸਭ ਤੋਂ ਵਧੀਆ ਨਤੀਜੇ ਪ੍ਰਾਪਤ ਕਰਨ ਲਈ ਨਿਯਮਿਤ ਰੂਪ ਵਿੱਚ ਅਤੇ ਸਮੇਂ 'ਤੇ ਸਕੂਲ ਜਾਣਾ ਜ਼ਰੂਰੀ ਹੈ।

ਇਹ ਮਹੱਤਵਪੂਰਨ ਹੈ ਕਿ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਉਹਨਾਂ ਦੇ ਬੱਚੇ ਦੀ ਸਕੂਲ ਤੋਂ ਅਣਅਧਿਕਾਰਕ ਗੈਰਹਾਜ਼ਰੀ ਦੇ ਨਤੀਜਿਆਂ ਨੂੰ ਸਮਝਣ।

## “ਜੇ ਮੇਰਾ ਬੱਚਾ ਸਕੂਲ ਨਹੀਂ ਗਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?”

ਬੱਚੇ ਦੀ ਗੈਰਹਾਜ਼ਰੀ ਦੀ ਪਹਿਲੀ ਹੀ ਸਵੇਰ ਕਾਰਨ ਦੱਸਣ ਲਈ ਜਿੰਨੀ ਜਲਦੀ ਸੰਭਵ ਹੋਵੇ ਸਕੇ, ਸਕੂਲ ਨੂੰ ਟੈਲੀਫ਼ੋਨ ਕਰੋ।

ਦੰਦਾਂ ਦੇ ਡਾਕਟਰ ਜਾਂ ਦੂਸਰੇ ਡਾਕਟਰ ਦੇ ਨਾਲ ਨਿਯਮਿਤ ਅਪਵਾਇੰਟਮੈਂਟਾਂ ਸਕੂਲ ਦੇ ਬਾਅਦ ਜਾਂ ਛੁੱਟੀਆਂ ਦੇ ਦੌਰਾਨ ਰੱਖੋ। ਜੇ ਤੁਹਾਨੂੰ ਸਕੂਲ ਦੇ ਸਮੇਂ ਦੇ ਦੌਰਾਨ ਕੋਈ ਅਪਵਾਇੰਟਮੈਂਟ ਰੱਖਣੀ ਪੈਂਦੀ ਹੈ ਤਾਂ ਦਿਨ ਦੇ ਜ਼ਿਆਦਾਤਰ ਸਮੇਂ ਸਕੂਲ ਵਿੱਚ ਰਹਿਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ ਅਤੇ ਸਕੂਲ ਨੂੰ ਅਪਵਾਇੰਟਮੈਂਟ ਬਾਰੇ ਜਾਣਕਾਰੀ ਦਿਓ।

ਜੇ ਤੁਹਾਡਾ ਬੱਚਾ ਬਿਮਾਰੀ ਦੇ ਕਾਰਨ ਜਾਂ ਦੰਦਾਂ ਸੰਬੰਧੀ/ਮੈਡਿਕਲ ਅਪਵਾਇੰਟਮੈਂਟਾਂ ਦੇ ਕਾਰਨ ਨਿਯਮਿਤ ਰੂਪ ਵਿੱਚ ਗੈਰਹਾਜ਼ਰ ਰਹਿੰਦਾ ਹੈ ਤਾਂ ਤੁਹਾਡੇ ਤੋਂ ਇੱਕ ਮੈਡਿਕਲ ਸਰਟੀਫ਼ਿਕੇਟ ਜਾਂ ਅਪਵਾਇੰਟਮੈਂਟ ਕਾਰਡ ਮੰਗਿਆ ਜਾ ਸਕਦਾ ਹੈ।

## “ਜੇ ਮੈਂ ਛੁੱਟੀ 'ਤੇ ਜਾਣਾ ਚਾਹੁੰਦਾ/ਚਾਹੁੰਦੀ ਹਾਂ ਤਾਂ?”

ਆਮ ਤੌਰ 'ਤੇ ਟਰਮ ਦੇ ਦੌਰਾਨ ਛੁੱਟੀ ਨਹੀਂ ਦਿੱਤੀ ਜਾਂਦੀ। ਅਸਧਾਰਨ ਹਾਲਤਾਂ ਵਿੱਚ ਹੈਡਟੀਚਰ ਤੋਂ ਆਗਿਆ ਲਵੋ ਅਤੇ ਸਕੂਲ ਦੀ ਨੀਤੀ ਦੇਖੋ।